ੴ

# ...-ਸੰਪਾਦਕ ਦੀ ਕਲਮ ਤੋਂ

## ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਕਿਰਾਏ 'ਤੇ !

**ਸੰਤਹੁ ਰਾਮਦਾਸ ਸਰੋਵਰੁ ਨੀਕਾ ॥**
**ਜੋ ਨਾਵੈ ਸੋ ਕੁਲ ਤਰਾਵੈ ॥ ਉਧਾਰੁ ਹੋਆ ਹੈ ਜੀ ਕਾ ॥**

ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਹਰੀ ਦਾ ਮੰਦਿਰ, ਹਰੀ ਦੀ ਦੇਹ ਹੈ। ਇਹ ਸਿੱਖ ਦੀ ਜਿੰਦ ਜਾਨ ਹੈ। ਇਸਦੇ ਦਰਸ਼ਨ ਇਸ਼ਨਾਨ ਦੀ ਤੜਪ ਹਰ ਸਿੱਖ ਦੀ ਨਿੱਤ ਦੀ ਅਰਦਾਸ ਹੈ। ਇਹ ਕੋਈ ਇਮਾਰਤ ਨਹੀਂ। ਵਾਹਿਗੁਰੂ ਦੇ ਹੁਕਮ ਅਨੁਸਾਰ ਨਿਰੰਕਾਰ ਦੇ ਸਰਗੁਣ ਸਰੂਪ ਨਿਰੰਕਾਰੀ ਜੋਤ ਸਾਹਿਬ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਇਸ ਪਾਵਨ ਅਸਥਾਨ ਦੀ ਚੋਣ ਕੀਤੀ। ਗੁਰੂ ਜੋਤ ਅਤੇ ਜੁਗਤ ਦਾ ਸਫ਼ਰ ਤੈਅ ਕਰਦਿਆਂ ਗੁਰੂ ਰਾਮਦਾਸ ਜੀ ਨੇ ਇਸ ਅੰਮ੍ਰਿਤ ਦੇ ਤਾਲ ਨੂੰ ਮੁਕੰਮਲ ਕਰਾਇਆ ਤੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਹਰਿਮੰਦਰ ਨੂੰ ਮੁਕੰਮਲ ਕੀਤਾ। ਇਸ ਜੋਤ ਨੂੰ ਸਦੀਵ ਸਦੀਵ ਜਗਦਾ ਰੱਖਣ ਲਈ ਮੀਰੀ-ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਪਾਤਸ਼ਾਹ ਨੇ ਇਸ ਦੇ ਸਨਮੁਖ ਅਕਾਲ ਦੇ ਤਖ਼ਤ ਦੀ ਸਿਰਜਣਾ ਕੀਤੀ। ਇਸ ਤੋਂ ਬਾਅਦ ਤਾਂ ਇਸ ਅਕਾਲੀ ਜੋਤ ਦੇ ਦੁਆਲੇ ਮਰ ਮਿਟਣ ਵਾਲੇ ਆਸ਼ਕਾਂ ਦੀ ਲੜੀ ਦਾ ਕਦੀ ਨਾ ਮੁੱਕਣ ਵਾਲਾ ਸਿਲਸਿਲਾ ਅਤੇ ਉਸ ਦਾ ਇਤਿਹਾਸ ਹੀ ਹੈ।

ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਦੀ ਲੋਚਾ ਨਾਲ ਜਦੋਂ ਵੀ ਸਿੱਖ ਇਸ ਵੱਲ ਤੁਰਦਾ ਹੈ, ਉਹ ਆਪਣੇ ਅੰਦਰ ਕੋਈ ਅਗੰਮੀ ਲੋਅ ਮਹਿਸੂਸ ਕਰਦਾ ਹੈ ਪਰ ਜਦੋਂ ਪ੍ਰਤੱਖ ਦਰਬਾਰ ਸਾਹਿਬ ਦੇ ਦਰਸ਼ਨ ਕਰਦਾ ਹੈ ਤਾਂ ਉਸ ਦਾ ਰੋਮ-ਰੋਮ ਗੁਰੂ ਰਾਮਦਾਸ ਦੀਆਂ ਰਹਿਮਤਾਂ ਨਾਲ ਸਰੂਰਮਈ ਹੋ ਜਾਂਦਾ ਹੈ। ਉਹ ਆਪਣਾ ਸਭ ਕੁਝ ਭੁਲਾ ਕੇ ਗੁਰੂ ਪਿਆਰ ਨਾਲ ਲੋਟ-ਪੋਟ ਹੋ ਜਾਂਦਾ ਹੈ।

'ਰਾਮਦਾਸ ਸਰੋਵਰ' ਦੇ ਵਿਚਕਾਰ ਮਣੀ ਰੂਪ ਹਰਿਮੰਦਰ ਸਾਹਿਬ ਇਕ ਅਜਿਹਾ ਧੁਰਾ ਹੈ, ਜਿਸ ਦੇ ਦੁਆਲੇ ਸਿੱਖ ਪਰਿਕਰਮਾ ਕਰਦਾ ਹੋਇਆ ਇਹ ਅਹਿਦ ਦ੍ਰਿੜ੍ਹ ਕਰਦਾ ਹੈ ਕਿ ਤੂੰ ਮੇਰਾ ਧੁਰਾ ਹੈ ਅਤੇ ਮੈਂ ਇਸਦਾ ਇਕ ਉਪ ਗ੍ਰਹਿ। ਇਹ ਆਪਾ ਸਮਰਪਣ ਹੈ।

ਕੇਵਲ ਇਹ ਹਰਿਮੰਦਰ ਸਾਹਿਬ ਹੀ ਨਹੀਂ ਬਲਕਿ ਇਸ ਦਾ ਸਾਰਾ ਆਲਾ-ਦੁਆਲਾ ਵੀ ਇਲਾਹੀ ਕੀਰਤਨ ਨਾਲ ਕਰਤਾਰਮਈ ਹੋਇਆ ਹੁੰਦਾ ਹੈ। ਇਸ ਪਾਵਨ ਅਸਥਾਨ ਦੀ ਪਵਿੱਤਰਤਾ ਕਾਇਮ ਰੱਖਣ ਲਈ ਅਣਗਿਣਤ ਸ਼ਹੀਦੀਆਂ ਹੋਈਆਂ ਪਰ ਗੁਰੂ ਕੇ ਪ੍ਰਵਾਨਿਆਂ ਨੇ ਇਸ ਦਾ ਨਾ ਕਦੇ ਸੌਦਾ ਕੀਤਾ ਤੇ ਨਾ ਹੀ ਸਮਝੌਤਾ।

ਗੁਰੂ ਰਸ ਦਾ ਭੌਰਾ ਪੂਰਨ ਸਿੰਘ ਬਹੁਤ ਸੁੰਦਰ ਕਹਿੰਦਾ ਹੈ ਕਿ ਐ ਸਿੱਖਾਂ ਜਦੋਂ ਤੈਨੂੰ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਦੀ ਤਲਬ ਹੋਵੇ ਤਾਂ ਇਕ ਛਿਨ ਵੀ ਨਾ ਰੁਕੀ। ਵਾਹੋ ਦਾਹੀ ਹਰਿਮੰਦਰ ਸਾਹਿਬ ਵੱਲ ਕਦਮ ਪੁਟੀ। ਪਰ ਹਰਿਮੰਦਰ ਸਾਹਿਬ ਪਹੁੰਚ ਕੇ ਪਰਿਕਰਮਾ ਵਿੱਚ ਸਹਿਜੇ ਸਹਿਜੇ ਕਦਮ ਰੱਖੀਂ, ਕੋਈ ਕਾਹਲ ਨਾ ਕਰੀਂ, ਕੋਈ ਛੇਤੀ ਨਾ ਕਰੀ, ਬੜੇ ਅਦਬ ਨਾਲ, ਬੜੇ ਸਤਿਕਾਰ ਨਾਲ ਇਕ-ਇਕ ਕਦਮ ਰੱਖੀਂ, ਕਿਉਂਕਿ ਇਥੇ ਹਰ ਸਿਲ ਦੇ ਥੱਲ੍ਹੇ ਸੈਂਕੜੇ ਸਿੱਖਾਂ ਦੇ ਸਿਰ ਪਏ ਹਨ।'

ਆਪਣੇ ਵਿਰਸੇ ਅਤੇ ਵਿਰਾਸਤ ਤੋਂ ਅਸੀਂ ਬਿਲਕੁਲ ਬੇਖਬਰ ਹਾਂ। ਉਹ ਮਸੀਤ ਜਿਸ ਵਿੱਚ ਗੁਰੂ ਜੀ ਨੇ ਸੱਚੀ ਨਮਾਜ਼ ਪੜ੍ਹਾਈ ਸੀ, ਉਹ ਢਾਹ ਦਿੱਤੀ ਗਈ ਹੈ। ਪਟਨਾ ਸਾਹਿਬ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਹਾਥੀ ਦੰਦ ਦੇ ਪਏ ਸੋਨੇ ਵਿੱਚ ਮੜ੍ਹ ਦਿੱਤੇ ਗਏ ਹਨ। ਕਸ਼ਮੀਰ ਦਾ ਇਤਿਹਾਸਕ ਚਿਨਾਰ ਦਾ ਦਰੱਖ਼ਤ ਜੋ ਗੁਰੂ ਹਰਗੋਬਿੰਦ ਸਾਹਿਬ ਦੀ ਨਿਸ਼ਾਨੀ ਸੀ ਅਤੇ ਦਿੱਲੀ ਚਾਂਦਨੀ ਚੌਂਕ ਦਾ ਉਹ ਦਰੱਖਤ ਜਿਸ ਦੇ ਥੱਲ੍ਹੇ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ, ਹੁਣ ਕੱਟ ਦਿੱਤੇ ਗਏ ਹਨ।

ਹੁਣ ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਡੀ ਦੇ ਉਹ ਇਤਿਹਾਸਕ ਸੋਮ ਨਾਥ ਦੇ ਮੰਦਰ ਦੇ ਕਿਵਾੜ ਜੋ ਗਜ਼ਨੀ ਲੈ ਗਿਆ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਵਾਪਸ ਮੰਗਵਾਏ, ਉਨ੍ਹਾਂ ਦੀ ਥਾਵੇਂ ਨਵੇਂ ਲਗਾਏ ਜਾ ਰਹੇ ਹਨ। ਜੇ ਇਹ ਕਿਵਾੜ ਹੁਣ ਬਿਰਧ ਹੋ ਗਏ ਹਨ ਤੇ ਬਦਲਣੇ ਜ਼ਰੂਰੀ ਹਨ ਤਾਂ ਇਸ ਲਈ ਮਾਹਿਰਾਂ ਦੀ ਕਮੇਟੀ ਟੀਮ ਬਣਾ ਕੇ ਨਿਰਣੇ ਲੈਣੇ ਚਾਹੀਦੇ ਹਨ। ਆਰਜ਼ੀ ਫ਼ੈਸਲੇ ਜਾਂ ਸਾਧਾਰਨ ਕਮੇਟੀਆਂ ਜਾਂ ਮੀਟਿੰਗਾਂ ਦੇ ਅਧਿਕਾਰ ਖੇਤਰ ਤੋਂ ਇਨ੍ਹਾਂ ਨੂੰ ਬਾਹਰ ਕੱਢਣ ਦੀ ਲੋੜ ਹੈ।

ਸਿੱਖਾਂ ਨੇ ਸ੍ਰੀ ਹਰਿਮੰਦਰ ਸਾਹਿਬ 'ਤੇ ਮੁਗ਼ਲਾਂ, ਦੁਰਾਨੀਆਂ, ਰੰਘਣਾਂ, ਫ਼ਿਰੰਗੀਆਂ ਅਤੇ ਧਰਮ-ਨਿਰਪੱਖ ਕਾਂਗਰਸ ਸਰਕਾਰ ਅਤੇ ਫਿਰ ਪੰਥਕ ਅਕਾਲੀ ਸਰਕਾਰ ਵੱਲੋਂ ਵੀ ਕੀਤੇ ਹਮਲਿਆਂ ਦਾ ਮੁਕਾਬਲਾ ਕਰ ਲਿਆ ਪਰ ਹੁਣ ਇਕ ਅਜ਼ਬ ਪੇਸ਼ੋਪਸ਼ ਅਤੇ ਦੁਬਿਧਾ ਵਾਲੀ ਹਾਲਤ ਆ ਅਪੜੀ ਹੈ।

ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਾਵਨ ਪਰਿਕਰਮਾ ਦੇ ਚਾਰ ਕਮਰੇ ਬੈਂਕ ਆਫ਼ ਪੰਜਾਬ ਨੂੰ ਕਿਰਾਏ 'ਤੇ ਦੇ ਦਿੱਤੇ ਗਏ ਹਨ। ਘੰਟਾ ਘਰ ਵਾਲੀ ਬਾਹੀ ਤੋਂ ਉਤਰ ਕੇ ਜਦੋਂ ਥੱਲ੍ਹੇ ਪਰਿਕਰਮਾ ਸ਼ੁਰੂ ਕਰਦੇ ਹਾਂ ਤਾਂ ਚਾਰ ਕਮਰੇ ਜਿਨ੍ਹਾਂ ਦੇ ਦਰਵਾਜ਼ੇ ਅਤੇ ਖਿੜਕੀਆਂ ਬੰਦ ਕਰਕੇ ਬਾਹਰੋਂ ਦੀਵਾਰ ਬਣਾ ਦਿੱਤੀ ਗਈ ਹੈ। ਉਹ ਬੈਂਕ ਨੂੰ ਇਕ ਲਾਕਰ ਰੂਮ ਬਣਾਉਣ ਵਾਸਤੇ ਦਿੱਤੇ ਗਏ ਹਨ। ਇਸ ਵਿੱਚ ਬੈਂਕ ਦਾ ਕੋਈ ਵੀ ਗਾਹਕ ਕੋਈ ਵੀ ਚੀਜ਼, ਸਣੇ ਸਿੱਖ ਲਈ ਵਿਵਰਜਿਤ ਵਸਤ ਵੀ ਇਸ ਵਿੱਚ ਰੱਖ ਸਕਦਾ ਹੈ। ਇਸ ਤਰ੍ਹਾਂ ਹੁਣ ਇਸ ਹਿੱਸੇ ਤੇ ਪੰਥ ਦਾ ਨਹੀਂ ਬਾਹਰਲੇ ਅਦਾਰੇ ਦਾ ਕਬਜ਼ਾ ਤੇ ਹੱਕ ਹੈ। ਕੱਲ੍ਹ ਨੂੰ ਜੇ

ਇਸ ਅਦਾਰੇ ਦਾ ਸਰਕਾਰੀਕਰਣ ਹੋ ਜਾਏ ਤਾਂ ਕੀ ਅਸਿੱਧੇ ਤੌਰ 'ਤੇ ਪਾਵਨ ਪਰਿਕਰਮਾ ਦਾ ਹਿੱਸਾ ਸਰਕਾਰ ਦੇ ਹਵਾਲੇ ਨਹੀਂ ਹੋ ਜਾਏਗਾ।



ਵਿਜੈ ਕੁਮਾਰ ਇਤਿਹਾਸਕ ਕਿਵਾੜ ਬਦਲਣ ਲਈ ਉਨ੍ਹਾਂ ਦੇ ਨਕਸ਼ੇ ਤਿਆਰ ਕਰਦਾ ਹੋਇਆ

ਇਹ ਸਮਝ ਤੋਂ ਬਾਹਰ ਹੈ ਕਿ ਸ਼੍ਰੋਮਣੀ ਅਕਾਲੀ ਨੇ ਕਿਸ ਮਜ਼ਬੂਰੀਵਸ ਕੌਮੀ ਅਮਾਨਤ ਨੂੰ ਬੰਧਕ ਬਣਾਇਆ ਹੈ। ਇਸ ਦੇ ਹੱਕ ਜਾਂ ਵਿਰੋਧ ਵਿੱਚ ਜੋ ਵੀ ਦਲੀਲ ਦਿੱਤੀ ਜਾਏ ਪਰ ਨਿਸ਼ਚਿਤ ਤੌਰ 'ਤੇ ਭਵਿੱਖ ਲਈ ਇਕ ਗਲਤ ਅਤੇ ਖ਼ਤਰਨਾਕ ਪਿਰਤ ਸਾਬਿਤ ਹੋ ਸਕਦੀ ਹੈ।

ਤੇਜਾ ਸਿੰਘ ਸਮੁੰਦਰੀ ਹਾਲ ਅਤੇ ਹਰਿਮੰਦਰ ਸਾਹਿਬ ਵਿਚਕਾਰਲੀ ਸੜਕ ਦਾ ਮੁੱਦਾ ਮੁੜ ਮੁੜ ਕੌਮ ਲਈ ਚਿੰਤਾ ਦਾ ਵਿਸ਼ਾ ਬਣਦਾ ਹੈ ਪਰ ਇਹ ਨਵੀਂ ਮੁਸੀਬਤ ਸਹੇੜਨ ਦੀ ਨਾ ਤਾਂ ਕੋਈ ਲੋੜ ਹੈ ਤੇ ਨਾ ਹੀ ਲਾਭ।

ਗੁਰਦੁਆਰਾ ਸੁਧਾਰ ਲਹਿਰ ਦੀ ਆਰੰਭਤਾ ਦਾ ਕਾਰਨ ਹੀ ਸੀ ਕਿ ਸ੍ਰੀ ਤਰਨਤਾਰਨ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਪਾਵਨ ਪਰਿਕਰਮਾ ਵਪਾਰਕ ਕੰਮਾਂ ਲਈ ਵਰਤੀ ਜਾਂਦੀ ਸੀ। ਪਰ ਕੀ ਅੱਜ ਇਤਿਹਾਸ ਨੇ ਮੁੜ ਪੂਰਾ ਗੇੜਾ ਮੁਕੰਮਲ ਕਰ ਲਿਆ ਹੈ। ਹਰਿਮੰਦਰ ਸਾਹਿਬ ਦੀ ਪਾਵਨ ਪਰਿਕਰਮਾ, ਇਸ ਦੇ ਪੂਰੇ ਪਰਿਸਰ, ਕੰਪਲੈਕਸ ਦੇ ਕਿਸੇ ਹਿੱਸੇ ਦੀ ਕਦੀ ਵੀ ਵਪਾਰਕ ਕੀਮਤ ਨਹੀਂ ਲਗਾਈ ਜਾ ਸਕਦੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਿਆਂ ਦਾ ਪ੍ਰਬੰਧ ਕਰਨ ਵਾਲੀ ਨਿਗਰਾਨ ਕਮੇਟੀ ਹੈ। ਸੁਚੱਜਾ ਪ੍ਰਬੰਧ ਕਰਨਾ ਇਸ ਦਾ ਫਰਜ਼ ਵੀ ਹੈ ਤੇ ਅਧਿਕਾਰ ਵੀ। ਪਰ ਹਰਿਮੰਦਰ ਸਾਹਿਬ ਦੇ ਕਿਸੇ ਵੀ ਹਿੱਸੇ ਦਾ ਖ਼ਾਸ ਕਰਕੇ ਪਰਿਕਰਮਾ ਦਾ ਸੌਦਾ ਕਰਨ ਜਾਂ ਉਸਦਾ ਵਪਾਰੀਕਰਣ ਕਰਨ ਦਾ ਕਤਈ ਅਧਿਕਾਰ ਨਹੀਂ। ਜੇਕਰ ਇਸ ਤਰ੍ਹਾਂ ਦਾ ਕੋਈ ਵੀ ਸਮਝੌਤਾ ਕੀਤਾ ਗਿਆ ਹੈ ਤਾਂ ਉਹ ਮੂਲੋਂ ਹੀ ਅਤੇ ਮੁੱਢੋਂ ਹੀ ਨਾ ਕੇਵਲ ਗੈਰ ਕਾਨੂੰਨੀ (VOID) ਹੈ ਬਲਕਿ ਇਖ਼ਲਾਕੀ ਤੌਰ 'ਤੇ ਵੀ ਗਲਤ ਅਤੇ ਨਾ-ਮੰਨਜ਼ੂਰ ਅਤੇ ਲਾਗੂ ਨਹੀਂ ਕੀਤਾ ਜਾ ਸਕਦਾ। ਬੈਂਕ ਦੇ ਉੱਚ ਅਧਿਕਾਰੀਆਂ ਨਾਲ ਗੱਲ ਬਾਤ ਕਰਨ 'ਤੇ ਉਨ੍ਹਾਂ ਨੇ ਮੰਨਿਆ ਕਿ ਸਿੱਖ ਨੁਕਤਾ ਨਿਗਾਰ ਤੋਂ ਇਹ ਸਹੀ ਤਾਂ ਨਹੀਂ ਹੈ ਪਰ ਇਕ ਹੋਰ ਬੈਂਕ ਨੂੰ ਵੀ ਇਸੇ ਤਰ੍ਹਾਂ ਦਿੱਤਾ ਗਿਆ ਹੈ। ਕਿਸੇ ਦੂਸਰੀ ਗਲਤੀ ਦਾ ਹਵਾਲਾ ਪਹਿਲੀ ਗਲਤੀ ਨੂੰ ਦਰੁਸਤ ਨਹੀਂ ਕਰ ਦਿੰਦਾ ਹੈ।



ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਦਾ ਹਿੱਸਾ ਜੋ ਨਿੱਜੀ ਬੈਂਕ ਨੂੰ ਕਿਰਾਏ 'ਤੇ ਦੇ ਦਿੱਤਾ ਗਿਆ ਹੈ।

ਕੀ ਕਦੇ ਕਿਸੇ ਨੇ ਸੁਣਿਆ ਹੈ ਕਿ ਮੱਕਾ-ਮਦੀਨਾ, ਵੈਟੀਕਨ ਜਾਂ ਬੈਥਲਹਮ ਦੇ ਧਾਰਮਿਕ ਅਸਥਾਨਾਂ ਵਿੱਚ ਕੋਈ ਵਪਾਰਕ ਦੁਕਾਨਾਂ ਖੁੱਲ੍ਹੀਆਂ ਹੋਣ। ਹਰ ਥਾਂ ਇੰਨੇ ਵੱਡੇ-ਵੱਡੇ ਚਰਚ ਹਨ ਪਰ ਉਹ ਕੇਵਲ ਇਸ ਕੰਮ ਲਈ ਹੀ ਵਰਤੇ ਜਾਂਦੇ ਹਨ।

ਸਾਬਕਾ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰੋ. ਦਰਸ਼ਨ ਸਿੰਘ ਦਾ ਕਹਿਣਾ ਸੀ ਕਿ ਹਰਿਮੰਦਰ ਸਾਹਿਬ ਦੇ ਪੂਰੇ ਪਰਿਸਰ 'ਚ ਕੋਈ ਵੀ ਵਪਾਰਕ ਅਦਾਰਾ ਨਹੀਂ ਹੋਣਾ ਚਾਹੀਦਾ।

ਵਿਸ਼ਵ ਪ੍ਰਸਿੱਧੀ ਪ੍ਰਾਪਤ ਵਿਦਵਾਨ ਸ੍ਰ. ਪਤਵੰਤ ਸਿੰਘ ਜਿਨ੍ਹਾਂ ਨੇ ਗੁਰਦੁਆਰਾ ਸਾਹਿਬਾਨ ਅਤੇ ਸਿੱਖ ਵਿਰਸੇ ਬਾਰੇ ਕਾਫ਼ੀ ਕੰਮ ਕੀਤਾ ਹੈ। ਉਨ੍ਹਾਂ ਨੇ ਆਪਣੀ ਚਿੰਤਾ ਅਤੇ ਅਫ਼ਸੋਸ ਦਾ ਇਜ਼ਹਾਰ ਕਰਦਿਆਂ ਇਸ ਨੂੰ ਬੈਂਕ ਲਈ ਵੀ ਸ਼ਰਮਨਾਕ ਦੱਸਦਿਆਂ ਕਿਹਾ ਕਿ ਇਹ ਬਿਲਕੁਲ ਗਲਤ ਕਦਮ ਹੈ ਪਰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਟੌਹੜਾ ਸਾਹਿਬ ਨਿਸ਼ਚਿਤ ਤੌਰ 'ਤੇ ਇਕ ਪੂਰੇ ਗੁਰਸਿੱਖ ਹਨ ਤੇ ਉਹ ਇਸ ਕਿਰਾਏਨਾਮੇ ਨੂੰ ਰੱਦ ਕਰਵਾਉਣਗੇ। ਉਨ੍ਹਾਂ ਨੇ ਆਪਣੀ ਚਿੰਤਾ ਨੂੰ ਵਧਾਉਂਦਿਆਂ ਕਿਹਾ ਕਿ ਇਸ ਤਰ੍ਹਾਂ ਤਾਂ ਕੱਲ੍ਹ ਨੂੰ ਕੋਈ ਬੈਂਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਭੌਰੇ ਵਿੱਚ ਵੀ ਏ.ਟੀ.ਐਮ. ਖੋਲ੍ਹ ਦਏਗਾ।

ਇਸ ਲਈ ਪੂਰੀ ਨਿਮਰਤਾ ਸਹਿਤ, ਸਰਬ ਸੱਤਾ ਸੰਪੰਨ ਸ਼੍ਰੋਮਣੀ ਕਮੇਟੀ ਅਤੇ ਇਸ ਦੇ ਚਿਰਕਾਲੀਨ ਪ੍ਰਧਾਨ, ਜਿਨ੍ਹਾਂ ਦੇ ਸਦੀਵੀ ਪ੍ਰਧਾਨ ਹੋਣ ਦੀ ਕਾਮਨਾ ਕਰਦੇ ਹਾਂ, ਜੱਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਨੂੰ ਅਧੀਨਗੀ ਸਹਿਤ ਬੇਨਤੀ ਕਰਦੇ ਹਾਂ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਾਵਨ ਪਰਿਕਰਮਾ ਦੇ ਕਿਸੇ ਵੀ ਹਿੱਸੇ ਨੂੰ ਕਿਸੇ ਵੀ ਵਪਾਰਕ ਅਦਾਰਿਆਂ ਨੂੰ ਦੇਣ ਦੇ 'ਚ ਕੀਤੇ ਕਰਾਰਨਾਮੇ ਤੁਰੰਤ ਰੱਦ ਕਰਨ। ਇਹ ਆਸ ਤੇ ਅਰਦਾਸ ਹੈ ਕਿ ਕਮੇਟੀ ਇਸ ਨੂੰ ਵਕਾਰ ਦਾ ਮੁੱਦਾ ਨਾ ਬਣਾਉਂਦਿਆਂ ਹੋਇਆਂ ਪਰਿਕਰਮਾ ਦਾ ਹਿੱਸਾ ਮੁੜ ਹਾਸਲ ਕਰੇਗੀ। ਇਸ ਦੇ ਨਾਲ ਹੀ ਬੈਂਕ ਆਫ਼ ਪੰਜਾਬ ਜੋ ਆਪਣੀ ਦਿੱਖ ਨੂੰ ਇਕ ਸਿੱਖ ਅਦਾਰੇ ਦੇ ਤੌਰ 'ਤੇ ਪ੍ਰਸਾਰਤ ਕਰਨਾ ਚਾਹੁੰਦਾ ਹੈ, ਉਸ ਤੋਂ ਵੀ ਆਸ ਹੈ ਕਿ ਘੱਟੋ-ਘੱਟ ਹਰਿਮੰਦਰ ਸਾਹਿਬ ਦੀ ਪਰਿਕਰਮਾ ਦੇ ਅੰਦਰਲੇ ਹਿੱਸੇ ਬਿਨਾਂ ਦੇਰੀ ਖ਼ਾਲੀ ਕਰੇ। ਇਸ ਵਿੱਚ ਕੀਤੀ ਕੋਤਾਹੀ ਜਾਂ ਦੇਰੀ ਮਸਲੇ ਨੂੰ ਗੰਭੀਰ ਅਤੇ ਗੁੰਝਲਦਾਰ ਬਣਾਏਗੀ, ਜਿਸ ਦੀ ਸਾਰੀ ਜ਼ਿੰਮੇਵਾਰੀ ਬੈਂਕ ਦੀ ਹੋਵੇਗੀ।